ਟੈਂਡਰ ਨੋਟਿਸ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਮ.ਈ.ਐਸ/ਸੀ.ਪੀ.ਡਬਲਯੂ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਮੋਹਰਬੰਦ ਆਈਟਮਾਂ ਪ੍ਰਤੀਸ਼ਤ ਥਰੂ ਰੇਟ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਮਿਤੀ 14-11-2011 ਤੋਂ ਲੈ ਕੇ 17-11-2011 ਤੱਕ ਦੁਪਹਿਰ 03:00 ਵਜੇ ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਇਸ਼ੂ ਕੀਤੇ ਜਾਣਗੇ ਅਤੇ ਮਿਤੀ 18-11-2011 ਨੂੰ ਦੁਪਹਿਰ 11:00 ਵਜੇ ਤੱਕ ਰਸੀਵ ਕੀਤੇ ਜਾਣਗੇ। ਰਸੀਵ ਕੀਤੇ ਹੋਏ ਟੈਂਡਰ ਉਸੇ ਦਿਨ ਦੁਪਹਿਰ 12:00 ਵਜੇ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹਾਜਰ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਖੋਹਲੇ ਜਾਣਗੇ

| ਲੜੀ ਨੰ | ਕੰਮ ਦਾ ਨਾਮ | ਅਨੁਮਾਨਤ ਲਾਗਤ | ਅਰਨੈਸਟ ਮਨੀ | ਸਮੇਂ ਦੀ ਹੱਦ | ਟੈਂਡਰ ਫੀਸ |
|---|---|---|---|---|---|
| 1 | ਭਾਈ ਮਹਾਂ ਸਿੰਘ ਖਾਲਸਾ ਸਕੂਲ ਦੀ ਇਮਾਰਤ ਦੀ ਉਸਾਰੀ (ਜਲਾਲਾਬਾਦ) | 50,00,000/- | 1,00,000/- | 6 ਮਹੀਨੇ | 2000/- |
| 2 | ਮਾਤਾ ਸੁੰਦਰੀ ਪਬਲਿਕ ਸਕੂਲ, ਕੋਟ ਸ਼ਮੀਰ (ਬਠਿੰਡਾ) ਵਿਖੇ ਪਹਿਲੀ ਮੰਜ਼ਿਲ ਦੀ ਉਸਾਰੀ। | 75,00,000/- | 1,50,000/- | 8 ਮਹੀਨੇ | 2000/- |
| 3 | ਦਸਮੇਸ਼ ਖਾਲਸਾ ਪਬਲਿਕ ਸਕੂਲ, ਦੀ ਇਮਾਰਤ ਦੀ ਉਸਾਰੀ (ਹਾਜੀਰਤਨ, ਬਠਿੰਡਾ) | 50,00,000/- | 1,00,000/- | 6 ਮਹੀਨੇ | 2000/- |
| 4 | ਸ਼ਹੀਦ ਬਾਬਾ ਸੰਗਤ ਸਿੰਘ ਬਹੁ-ਤਕਨੀਕੀ ਕਾਲਜ ਦੀ ਉਸਾਰੀ, ਬੰਗਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ | 4,00,00,000/- | 8,00,000/- | 18 ਮਹੀਨੇ | 4000/- |
| 5 | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਦੀ ਇਮਾਰਤ ਦੀ ਉਸਾਰੀ (ਗੁਰਦੁਆਰਾ ਪੰਜੋਖਰਾ ਸਾਹਿਬ, ਅੰਬਾਲਾ, (ਹਰਿਆਣਾ)) | 48,68,021/- | 98,000/- | 6 ਮਹੀਨੇ | 1000/- |
| 6 | ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ ਵਿਖੇ ਨਵੇਂ ਬਲਾਕ ਦੀ ਉਸਾਰੀ (ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)) | 94,86,900/- | 1,90,000/- | 8 ਮਹੀਨੇ | 2000/- |
| 7 | ਸ੍ਰੀ ਗੁਰੂ ਅਰਜਨ ਦੇਵ ਜੀ ਸਕਿਨ ਅਤੇ ਜਨਰਲ ਰੋਗਾਂ ਦਾ ਹਸਪਤਾਲ (ਤਰਨ ਤਾਰਨ) ਦੀ ਅਧੂਰੀ ਰਹਿੰਦੀ ਹੇਠਲੀ ਮੰਜ਼ਿਲ ਨੂੰ ਮੁਕੰਮਲ ਕਰਨਾ। | 85,00,000/- | 1,70,000/- | 8 ਮਹੀਨੇ | 2000/- |
| 8 | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬਹੁ-ਤਕਨੀਕੀ ਕਾਲਜ ਦੀ ਉਸਾਰੀ (ਜੀਂਦ, ਹਰਿਆਣਾ) | 5,29,97,625/- | 11,00,000/- | 24 ਮਹੀਨੇ | 5000/- |

ਸ਼ਰਤਾਂ :-

1. ਅਰਨੈਸਟ ਮਨੀ ਕਿਸੇ ਸੂਚੀਬੱਧ ਬੈਂਕ ਕੇਵਲ ਡਰਾਫਟ ਦੀ ਸ਼ਕਲ ਵਿੱਚ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਕ ਵਿੱਚ ਸਵੀਕਾਰ ਕੀਤੀ ਜਾਵੇਗੀ। ਬਗੈਰ ਅਰਨੈਸਟ ਮਨੀ ਟੈਂਡਰ ਨਹੀ ਵਿਚਾਰੇ ਜਾਣਗੇ।
2. ਨਿਮਨ ਹਸਤਾਖਰੀ ਨੂੰ ਕੋਈ ਜਾਂ ਸਾਰੇ ਟੈਂਡਰ ਬਿਨ੍ਹਾ ਕਾਰਨ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
3. ਸ਼ਰਤਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
4. ਟੈਂਡਰ ਫਾਰਮ ਏਜੰਸੀ ਵਲੋਂ ਇਨਲਿਸਟਮੈਂਟ ਦੀ ਕਾਪੀ ਅਤੇ ਪਿਛਲੇ ਤਿੰਨ ਸਾਲਾਂ ਦਾ ਇਨਕਮ ਟੈਕਸ ਕਲੀਅਰੈਂਸ ਸਰਟੀਫਿਕੇਟ ਪੇਸ਼ ਕਰਨ ਅਤੇ ਪਿਛਲੇ ਕੀਤੇ ਕੰਮਾਂ ਦੇ ਐਕਸੀਅਨ ਵੱਲੋਂ ਜਾਰੀ ਕੀਤੇ ਸਰਟੀਫਿਕੇਟਾ ਦੇ ਅਧਾਰ ਤੇ ਹੀ ਜਾਰੀ ਕੀਤੇ ਜਾਣਗੇ ।

ਨੋਟ:- ਟੈਂਡਰ ਫਾਰਮ ਕੇਵਲ ਉਹਨਾਂ ਠੇਕੇਦਾਰਾਂ/ਏਜੰਸੀਆਂ ਨੂੰ ਜਾਰੀ ਕੀਤੇ ਜਾਣਗੇ ਜਿਨ੍ਹਾ ਨੇ ਸੀਰੀਅਲ ਨੰਬਰ 4 ਅਤੇ 8 ਲਈ ਸਿੰਗਲ ਵਰਕ ਵਿਚ ਘੱਟੋ-ਘੱਟ 2 ਕਰੋੜ ਰੁਪੈ ਤੱਕ ਦਾ ਅਤੇ ਬਾਕੀ ਕੰਮਾਂ ਲਈ 40 ਲੱਖ ਦਾ ਬਿਲਡਿੰਗ ਵਰਕ ਤਸੱਲੀ ਬਖਸ਼ ਮੁਕੰਮਲ ਕੀਤਾ ਹੋਵੇ ਅਤੇ ਉਸ ਸਬੰਧੀ ਐਕਸੀਅਨ ਲੈਵਲ ਦਾ ਕੰਪਲੀਸ਼ਨ ਸਰਟੀਫਿਕੇਟ ਨਾਲ ਨੱਥੀ ਹੋਵੇ । ਟੈਂਡਰ ਫਾਰਮ ਉਹ ਹੀ ਰਸੀਵ ਕੀਤਾ ਜਾਵੇਗਾ ਜਿਸ ਪੁਰ ਨਿਮਨ ਹਸਤਾਖਰੀ ਦੀ ਮੋਹਰ ਤੇ ਦਸਤਖਤ ਹੋਣਗੇ। ਟੈਂਡਰ ਫਾਰਮ ਸ਼੍ਰੋਮਣੀ ਗੁ: ਪ੍ਰ: ਕਮੇਟੀ (ਤੇਜਾ ਸਿੰਘ ਸਮੁੰਦਰੀ ਹਾਲ) ਤੋਂ ਜਾਰੀ ਕੀਤੇ ਜਾਣਗੇ।

ਐਡੀਸ਼ਨਲ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ